# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ 6.7.2021
# ਦੀ ਕਾਰਵਾਈ

(ਮਤਾ ਨੰ: **399-416)**

ਨਗਰ ਨਿਗਮ, ਜਲੰਧਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 6.7.2021 ਨੂੰ ਮੇਅਰ ਜੀ ਦੇ ਕੈਂਪ ਦਫਤਰ, ਮਾਡਲ ਟਾਊਨ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਕਮਿਸ਼ਨਰ, ਆਈ.ਏ.ਐਸ. ...... ........... ਮੈਂਬਰ ( ਆਨਲਾਇਨ ਹਾਜਰ)
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................ ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ............... ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-399

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 21.6.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 21.6.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 10.6.2021 ਦੀ ਲੰਬਿਤ ਮੱਦਾਂ ਨੰ: 352 ਅਤੇ 353 ਸਬੰਧੀ ਮੇਅਰ ਜੀ ਵਲੋਂ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜੀ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਮਾਨਯੋਗ ਐਮ.ਐਲ.ਏ. ਸਾਹਿਬ ਵਲੋਂ ਵੀ ਲਿਖ ਕੇ ਮੈਸਰਜ਼ ਗੁਰਮ ਇਲੈਕਟ੍ਰੀਕਲ ਦੇ ਕੰਮ-ਕਾਜ ਸਬੰਧੀ ਸ਼ਿਕਾਇਤ ਕੀਤੀ ਹੈ ਕਿ ਇਸ ਠੇਕੇਦਾਰ ਦਾ ਕੰਮ ਬਹੁਤ ਘਟੀਆ ਹੈ ਅਤੇ ਇਸ ਦੇ ਖ਼ਿਲਾਫ ਕਈ ਸ਼ਿਕਾਇਤਾਂ ਹਨ । ਸੋ ਇਸ ਅਜੰਸੀ ਨੂੰ ਬਲੈਕ ਲਿਸਟ ਕਰਨ ਅਤੇ ਇਸ ਦੇ ਖ਼ਿਲਾਫ ਕਾਰਵਾਈ ਕਰਨ ਲਈ ਉਹ ਸਖਤ ਸਿਫਾਰਸ਼ ਕਰਦੇ ਹਨ । ਕਮੇਟੀ ਵਲੋਂ ਫੈਸਲਾ ਲਿਆ ਗਿਆ ਕਿ ਐਸ.ਈ.(ਓ.ਐਂਡ ਐਮ.) ਸਬੰਧਤ ਠੇਕੇਦਾਰ ਨੂੰ ਨੋਟਿਸ ਦੇ ਕੇ ਅਗਲੀ ਮੀਟਿੰਗ ਵਿਚ ਹਾਜਰ ਹੋਣ ਲਈ ਹਦਾਇਤ ਕਰਨ।ਐਮ.ਐਲ.ਏ. ਸਾਹਿਬ ਦੇ ਪੱਤਰ ਨੂੰ ਮਿਸਲ ਵਿੱਚ ਲਗਾਇਆ ਜਾਵੇ ।
- ਮਿਤੀ 10.6.2021 ਦੀ ਲੰਬਿਤ ਮੱਦ ਨੰ: 354 ਸਬੰਧੀ ਫੈਸਲਾ ਹੋਇਆ ਸੀ ਕਿ ਕਮਿਸ਼ਨਰ ਜੀ ਇਸ ਮਿਸਲ ਦੀ ਘੋਖ ਕਰਕੇ ਦੋਸ਼ੀ ਅਧਿਕਾਰੀਆਂ/ਕਰਮਚਾਰੀਆਂ ਅਤੇ ਸਬੰਧਤ ਠੇਕੇਦਾਰ ਵਿਰੁੱਧ ਬਣਦੀ ਕਾਰਵਾਈ ਕਰਕੇ ਰਿਪੋਰਟ ਕਮੇਟੀ ਨੂੰ ਪੇਸ਼ ਕਰਨ।ਕਮੇਟੀ ਵਲੋਂ ਮੁੜ ਫੈਸਲਾ ਲਿਆ ਗਿਆ ਕਿ ਇਸ ਸਬੰਧੀ ਰਿਪੋਰਟ ਅਗਲੀ ਮੀਟਿੰਗ ਵਿੱਚ ਦਿੱਤੀ ਜਾਵੇ ।
- ਮਿਤੀ 21.6.2021 ਦੀ ਲੰਬਿਤ ਮੱਦਾ ਨੰ: 375, 376 ਅਤੇ 379 ਸਬੰਧੀ ਫੈਸਲਾ ਹੋਇਆ ਕਿ ਐਸ.ਈ. (ਬੀ ਐਂਡ ਆਰ) ਇਹਨਾਂ ਮੱਦਾਂ ਸਬੰਧੀ ਪ੍ਰਾਪਤ ਹੋਈ ਸੇਵਿੰਗ ਦੇ ਸਬੰਧ ਵਿੱਚ ਆਪਣੀ ਰਿਪੋਰਟ ਸਬੰਧਤ ਠੇਕੇਦਾਰ ਨਾਲ ਗੱਲ ਕਰਕੇ ਅਗਲੀ ਮੀਟਿੰਗ ਵਿੱਚ ਦੇਣਗੇ ਤਾਂ ਜ਼ੋ ਇਹਨਾਂ ਟੈਂਡਰਾਂ ਸਬੰਧੀ ਯੋਗ ਫੈਸਲਾ ਲਿਆ ਜਾ ਸਕੇ ।
- ਉਪਰੋਕਤ ਤਰਮੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-400

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 25.6.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 25.6.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੋਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.7.2021

ਮਤਾ ਨੰਬਰ:-401

ਵਿਸ਼ਾ: Const. of CC streets in Bagh Ahluwalia Ward No. 45 (MC Fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 47.30 ਲੱਖ ਟੈਂਡਰ ਅਮਾਉਂਟ ਰੁ: 42.04 ਲੱਖ ਸੇਵਿੰਗ: 11.11%
ਫਰਮ ਦਾ ਨਾਂ:- ਵਿਕਾਸ ਗੰਭੀਰ ਗੋਰਮਿੰਟ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 7.1.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-402

ਵਿਸ਼ਾ: P/L Interlocking tiles in Balance streets of Moti Bagh, Ward No. 8 (UEIP-Ph.2 Grant) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 27.05 ਲੱਖ ਟੈਂਡਰ ਅਮਾਊਂਟ ਰੁ: 24.53 ਲੱਖ ਸੇਵਿੰਗ: 9.31%

ਫਰਮ ਦਾ ਨਾਂ:- ਸ੍ਰੀ ਬਾਲਾ ਜੀ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ

ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 18.5.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ। ਕਮਿਸ਼ਨਰ ਜੀ ਵਲੋਂ ਕਮੇਟੀ ਮੈਂਬਰਾਂ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਦਫ਼ਤਰ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਸ਼ਹਿਰੀ ਵਾਤਾਰਵਰਣ ਸੁਧਾਰ ਪ੍ਰੋਗਰਾਮ ਦੇ ਵਿਕਾਸ ਦੇ ਕੰਮ ਜਲਦ ਮੁਕੰਮਲ ਕਰਵਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਇਸ ਲਈ ਇਸ ਬਾਰੇ ਵਿਚਾਰ ਕਰ ਲਿਆ ਜਾਵੇ ਪਰ ਕਮੇਟੀ ਵਲੋਂ ਇਸ ਟੈਂਡਰ ਨੂੰ ਦੋਬਾਰਾ ਰੀਕਾਲ ਕਰਨ ਦੀ ਪ੍ਰਵਾਨਗੀ ਦਿੱਤੀ ਗਈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.7.2021

ਮਤਾ ਨੰਬਰ:-403

ਵਿਸ਼ਾ: Repair & Maintenance of Fire Brigade Building at Opp. Jail Chowk, Old G.T.Road (Balance work) (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 19.86 ਲੱਖ ਟੈਂਡਰ ਅਮਾਊਂਟ ਰੁ: 19.86 ਲੱਖ ਸੇਵਿੰਗ: 0.01%
ਫਰਮ ਦਾ ਨਾਂ:- ਦੀ ਦੌਲਤਪੁਰੀ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 7.1.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 26.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 28.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **0.01% ਤੋਂ ਵਧਾ ਕੇ 5% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 28.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-404

ਵਿਸ਼ਾ: P/L of RMC on the road of backside Police Division No. 2 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 7.80 ਲੱਖ ਟੈਂਡਰ ਅਮਾਉਂਟ ਰੁ: 7.56 ਲੱਖ ਸੇਵਿੰਗ: 3.13%
ਫਰਮ ਦਾ ਨਾਂ:- ਦੀ ਕਰਾਰੀ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 107(40) ਮਿਤੀ 1.12.2020 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 25.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **3.13% ਤੋਂ ਵਧਾ ਕੇ 5% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਐਸ.ਈ.(ਬੀ ਐਂਡ ਆਰ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਬੰਧਤ ਠੇਕੇਦਾਰ ਨਾਲ ਸੇਵਿੰਗ ਸਬੰਧੀ ਨੈਗੋਸ਼ਿਏਸ਼ਨ ਕਰਕੇ ਕਮੇਟੀ ਨੂੰ ਰਿਪੋਰਟ ਪੇਸ਼ ਕਰਨ ਤਾਂ ਜ਼ੋ ਟੈਂਡਰ ਦੀ ਪ੍ਰਵਾਨਗੀ ਸਬੰਧੀ ਯੋਗ ਫੈਸਲਾ ਲਿਆ ਜਾ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-405

ਵਿਸ਼ਾ: P/L of Cement concrete in the various street of W.No.52 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 12.92 ਲੱਖ ਟੈਂਡਰ ਅਮਾਉਂਟ ਰੁ: 12.21 ਲੱਖ ਸੇਵਿੰਗ: 5.50%
ਫਰਮ ਦਾ ਨਾਂ:- ਦੀ ਇੰਦਰਪਰਸਤ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 13(7) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 22.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **5.50% ਤੋਂ ਵਧਾ ਕੇ 7% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-406

ਵਿਸ਼ਾ: P/L of RMC M-30 in the street near Punjab Kesari Ground, W.No.51 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 12.73 ਲੱਖ ਟੈਂਡਰ ਅਮਾਉਂਟ ਰੁ: 12.20 ਲੱਖ ਸੇਵਿੰਗ: 4.15%
ਫਰਮ ਦਾ ਨਾਂ:- ਦੀ ਹਰਸਿਮਰਨਬੀਰ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 13(6) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 22.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **4.15% ਤੋਂ ਵਧਾ ਕੇ 6.50% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-407

ਵਿਸ਼ਾ: P/L of Thermoplastic Paint and Cat Eye on road of Shri Ram Chowk to Red Cross Market, (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 2.50 ਲੱਖ ਟੈਂਡਰ ਅਮਾਉਂਟ ਰੁ: 2.43 ਲੱਖ ਸੇਵਿੰਗ: 2.86%
ਫਰਮ ਦਾ ਨਾਂ:- ਦੀ ਸ਼ਿਵਮ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 04

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 13(2) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 22.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **2.86% ਤੋਂ ਵਧਾ ਕੇ 5.00% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-408

ਵਿਸ਼ਾ: P/L Cement Concrete in the various streets of W.No.51 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 21.73 ਲੱਖ ਟੈਂਡਰ ਅਮਾਊਂਟ ਰੁ: 21.00 ਲੱਖ ਸੇਵਿੰਗ: 3.37%
ਫਰਮ ਦਾ ਨਾਂ:- ਜੀਤ ਐਂਟਰਪ੍ਰਾਇਜ਼ਜ਼
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 10(5) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 25.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **3.37% ਤੋਂ ਵਧਾ ਕੇ 5.00% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-409

ਵਿਸ਼ਾ: P/L of RMC M-20 in streets of Abadpura, W.No.20 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 20.93 ਲੱਖ ਟੈਂਡਰ ਅਮਾਊਂਟ ਰੁ: 20.05 ਲੱਖ ਸੇਵਿੰਗ: 4.20%
ਫਰਮ ਦਾ ਨਾਂ:- ਦੀ ਸ਼ਿਵਮ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 15(33) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 22.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **4.20% ਤੋਂ ਵਧਾ ਕੇ 5.50% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-410

ਵਿਸ਼ਾ: P/L of CC and Interlocking tiles in different streets and Parks, W.No.20 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 10.88 ਲੱਖ ਟੈਂਡਰ ਅਮਾਊਂਟ ਰੁ: 10.57 ਲੱਖ ਸੇਵਿੰਗ: 2.86%
ਫਰਮ ਦਾ ਨਾਂ:- ਦੀ ਸ਼ਿਵਮ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 15(32) ਮਿਤੀ 18.1.2021 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.6.2021 ਰਾਹੀਂ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਨ ਲਈ ਆਦੇਸ਼ ਦਿੱਤੇ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 22.6.2021 ਰਾਹੀਂ ਲਿਖਿਆ ਹੈ ਕਿ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕੀਤੀ ਗਈ ਅਤੇ ਉਸ ਵਲੋਂ ਇਹ ਕੰਮ **2.86% ਤੋਂ ਵਧਾ ਕੇ 5.00% ਦੀ ਸੇਵਿੰਗ** ਤੇ ਕਰਨ ਲਈ ਸਹਿਮਤੀ ਦਿੱਤੀ ਹੈ ਅਤੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰ ਵਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ ਇਸ ਲਈ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ ਅਤੇ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-411

ਵਿਸ਼ਾ: Renovation of Park at Rajinder Nagar, W.No.15 (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 6.07 ਲੱਖ ਟੈਂਡਰ ਅਮਾਉਂਟ ਰੁ: 5.40 ਲੱਖ ਸੇਵਿੰਗ: 11.11%
ਫਰਮ ਦਾ ਨਾਂ:- ਰਿਸ਼ੀ ਬੇਰੀ ਕੰਟਰੈਕਟਰ
ਟੈਂਡਰ ਕਾਲ ਕੀਤੇ:- ਪਹਿਲੀ ਵਾਰੀ ਪ੍ਰਾਪਤ ਹੋਏ ਟੈਂਡਰ:- 05

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਹਾਊਸ ਦੇ ਮਤਾ ਨੰ: 83(26) ਮਿਤੀ 29.11.2019 ਰਾਹੀਂ ਪ੍ਰਵਾਨਗੀ ਦਿੱਤੀ ਗਈ । ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-412

ਵਿਸ਼ਾ: Providing Tractor Hydraulic Trolley with Driver and Labour for Industrial Estate Zone No. 2, North Constituency (MC fund) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 10.66 ਲੱਖ ਟੈਂਡਰ ਅਮਾਊਂਟ ਰੁ: 10.28 ਲੱਖ ਸੇਵਿੰਗ: 5.65%
ਫਰਮ ਦਾ ਨਾਂ:- ਦੀ ਦਸ਼ਮੇਸ਼ ਕੋ.ਆਪ.ਐਲ.ਸੀ. ਸੋਸਾਇਟੀ ਲਿਮਿਟਡ
ਟੈਂਡਰ ਕਾਲ ਕੀਤੇ:- ਦੂਜੀ ਵਾਰੀ ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਓ.ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 8.4.2021 ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-413

ਵਿਸ਼ਾ:- Const. of Road upto WBM& Laying of BM&PC from Ex. Councilor Iqbal Singh House to Waryana Dump road.W.no.76 (M.C.Funds)Matta No.188 Dt.23-04-2021 2) Relaying of 120' road and roads of dilbagh Nagar Ward No.45 Matta No.190 Dt.23-04-2021

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋ ਵਿਸ਼ੇ ਅਧੀਨ ਕੰਮਾਂ ਸਬੰਧੀ ਮਤਾ ਨੰ. 188,190 ਰਾਹੀ ਮਿਤੀ:23-04-2021 ਨੂੰ ਫੈਸਲਾ ਲਿਆ ਗਿਆ" ਕਿ ਕਿਉ ਜ਼ੋ ਠੇਕੇਦਾਰ ਵੱਲੋਂ ਇਸ ਕੰਮ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ,ਇਸ ਲਈ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਐਸ.ਈ.(ਬੀ.ਐਂਡ.ਆਰ) ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਉਹ ਸਬੰਧਤ ਠੇਕੇਦਾਰ ਨਾਲ ਨੈਗੋਸ਼ਿਏਸ਼ਨ ਕਰਕੇ ਘੱਟੋ-ਘੱਟ ਸੇਵਿੰਗ 10% ਤੱਕ ਹੋਰ ਵਧਾ ਕੇ ਟੈਂਡਰ ਮੰਜੂਰ ਕਰ ਲੈਣ, ਨਹੀ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ "ਇਹਨਾਂ ਕੰਮਾਂ ਸਬੰਧੀ ਦੁਬਾਰਾ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰ. 231 ਮਿਤੀ: 03-05-2021 ਨੂੰ ਫੈਸਲਾ ਲਿਆ ਗਿਆ ਕਿ ਐਸ.ਈ(ਬੀ.ਐਂਡ.ਆਰ) ਵੱਲੋ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਹੋਰ ਸੇਵਿੰਗ ਲਈ ਨਹੀ ਮੰਨਿਆ ਜਿਸ ਤੇ ਕਮੇਟੀ ਵੱਲੋਂ ਇਸ ਟੈਡਰ ਨੂੰ ਰੱਦ ਕਰਨ ਦੀ ਮੰਜੂਰੀ ਦਿੱਤੀ ਅਤੇ ਇਹ ਵੀ ਫੈਸਲਾ ਹੋਇਆ ਕਿ ਇਸ ਕੰਮ ਦੇ ਟੈਂਡਰ ਦੁਬਾਰਾ ਮੰਗੇ ਜਾਣ।ਹੁਣ ਇਸ ਸਬੰਧੀ ਸਤੀਸ਼ ਅਗਰਵਾਲ ਐਂਡ ਕੰਪਨੀ ਵੱਲੋਂ ਆਪਣੇ ਪੱਤਰ ਮਿਤੀ : 26.05.2021 ਰਾਹੀ ਲਿਖ ਕੇ ਕੰਮ ਦੀ ਸੇਵਿੰਗ ਵਿੱਚ ਵਾਧਾ ਕਰਦੇ ਹੋਏ 10% ਤੇ ਕੰਮ ਕਰਨ ਦੀ ਸਹਿਮਤੀ ਦਿੱਤੀ ਗਈ ਹੈ।ਇਸ ਲਈ ਇਸ ਕੰਮ ਨੂੰ 10% ਸੇਵਿੰਗ ਤੇ ਅਲਾਟ ਕਰਨ ਦੇ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 26.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹਨ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਰੱਦ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.7.2021

ਮਤਾ ਨੰਬਰ:-414

**ਵਿਸ਼ਾ:-** ਪ੍ਰੋਵਾਇਡਿੰਗ, ਲੇਇੰਗ ਚੁਆਇਨਟਿੰਗ ਐਂਡ ਫਿਕਸਿੰਗ ਆਫ 3" ਡਾਇਆ ਜੀ.ਆਈ ਪਾਈਪ ਲਾਇਨ ਇਨ ਵੇਰੀਅਸ ਸਟਰੀਟਸ ਆਫ ਪੱਕਾ ਬਾਗ। ਜ਼ੋਨ ਨੰ: 1

ਰਿਵਾਇਜ਼ ਤਖਮੀਨਾ ਰੁਪਏ 15,49,840/-ਟੈਂਡਰ ਅਮਾਉਂਟ ਰੁਪਏ 14,72,502/- ਸੇਵਿੰਗ 4.99%
ਫਰਮ ਦਾ ਨਾ ਮੈ: ਏ.ਜੀ.ਆਈ ਕੰਸਟ੍ਰਕਸ਼ਨ ਕੰਪਨੀ
ਟੈਂਡਰ ਕਾਲ ਕੀਤੇ:- ਦੂਸਰੀ ਬਾਰੀ ਪ੍ਰਾਪਤ ਹੋਏ ਟੈਂਡਰ- 1

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 19.03.2021 ਰਾਹੀਂ ਦਿੱਤੀ। ਇਹਨਾ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮੰਗੇ ਗਏ, ਜਿਹਨਾ ਦੀਆਂ ਬਿਡਾਂ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਸ ਟੈਂਡਰ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.7.2021

ਮਤਾ ਨੰਬਰ:-415

ਵਿਸ਼ਾ:- Engagement of Un-Skilled Labour for cleaning of Road Gully chambers in all ward of Jalandhar city during rainy season for 3 months through outsourcing agency. (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 74,95,200/- (ਮਿਨੀਮਮ ਵੇਜਿਜ਼ 01-09-19 ਅਨੁਸਾਰ-3 ਮਹੀਨਿਆਂ ਲਈ)
ਟੈਂਡਰ ਅਮਾਊਂਟ ਰੁਪਏ 74,25,950/-ਸੇਵਿੰਗ 56% ਆਨ 2.50% ਕੰਟਰੈਕਟਰ ਪ੍ਰੋਫਿਟ ਰੁਪਏ 1,23,660/-
ਅਜੰਸੀ ਦਾ ਨਾਮ:- ਰਿਲਾਏਬਲ ਸਰਵਸਿਸ ਜਲੰਧਰ (ਦੂਸਰੀ ਬਾਰੀ 2 ਟੈਂਡਰ)
EPF No. PB JAL 35518 ESI No. 12000208690001001

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਓ.ਐਂਡ.ਐਮ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਵਿੱਚ ਇਸ ਵਕਤ 80 ਵਾਰਡ ਹਨ ਅਤੇ ਇਨ੍ਹਾਂ ਵਾਰਡਾਂ ਅਧੀਨ ਪੈਂਦੇ ਵੱਖ-ਵੱਖ ਇਲਾਕਿਆਂ ਵਿੱਚ ਸੀਵਰ ਦੀ ਸਮਸਿਆ ਨੂੰ ਹੱਲ ਕਰਨ ਵਾਸਤੇ ਨਗਰ ਨਿਗਮ ਜਲੰਧਰ ਅਧੀਨ ਸੀਵਰਮੈਨਾ ਦੀ 510 ਪੋਸਟਾਂ ਸੈਕਸ਼ਨ ਹਨ, ਜਿਨ੍ਹਾਂ ਵਿਚੋਂ ਇਸ ਵਕਤ 384 ਸੀਵਰਮੈਨ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਸੀਵਰਮੈਨਾਂ ਵਲੋਂ ਸੀਵਰ ਦੀ ਮੇਨਟੀਨੈਂਸ, ਡਿਸਪੋਜਲ, ਟਰੈਕਟਰ ਅਤੇ ਸਲਜ ਇੰਜਨ ਚਲਾਉਣ ਦਾ ਕੰਮ ਕੀਤਾ ਜਾਂਦਾ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਜਲੰਧਰ ਨਗਰ ਨਿਗਮ ਦੀ ਹਦੂਦ ਵਿੱਚ ਬਹੁਤ ਜਿਆਦਾ ਵਾਧਾ ਹੋ ਚੁੱਕਾ ਹੈ ਅਤੇ ਸ਼ਹਿਰ ਦੀ Population ਵੀ ਬਹੁਤ ਜਿਆਦਾ ਵੱਧ ਚੁੱਕੀ ਹੈ। ਨਗਰ ਨਿਗਮ ਜਲੰਧਰ ਵਿੱਚ ਪਹਿਲਾਂ ਹੀ ਸੀਵਰਮੈਨ ਸਟਾਫ ਦੀ ਬਹੁਤ ਜਿਆਦਾ ਘਾਟ ਹੈ। ਆਉਣ ਵਾਲੇ ਸਮੇਂ ਵਿੱਚ ਬਰਸਾਤੀ ਮੌਸਮ ਮੁੱਖ ਰੱਖਦੇ ਹੋਏ ਜਲੰਧਰ ਸ਼ਹਿਰ ਅਧੀਨ ਆਉਂਦੀਆਂ ਸਾਰੀਆਂ ਸੜਕਾਂ ਤੇ ਬਰਸਾਤਾਂ ਦੋਰਾਨ ਇੱਕਠੇ ਹੋਣ ਵਾਲੇ ਪਾਣੀ ਦੀ ਨਿਕਾਸੀ ਰੋਡ ਗੱਲੀ ਚੈਂਬਰਾ ਰਾਹੀਂ ਕੀਤੀ ਜਾਂਦੀ ਹੈ। ਬਰਸਾਤਾਂ ਦੋਰਾਨ ਇਨ੍ਹਾਂ ਰੋਡ ਗੱਲੀ ਚੈਂਬਰਾ ਵਿੱਚ ਮਿੱਟੀ ਆਦਿ ਚੱਲੀ ਜਾਂਦੀ ਹੈ ਅਤੇ ਇਹ ਰੋਡ ਗੱਲੀਆਂ ਬਲੋਕ ਹੋ ਜਾਂਦੀਆਂ ਹਨ, ਜਿਸ ਕਾਰਨ ਬਰਸਾਤੀ ਪਾਣੀ ਦੀ ਨਿਕਾਸੀ ਨੂੰ ਕਾਫੀ ਸਮਾਂ ਲਗ ਜਾਂਦਾ ਹੈ ਅਤੇ ਆਮ ਜਨਤਾ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰਸਾਤੀ ਪਾਣੀ ਦੀ ਜਲਦੀ ਨਿਕਾਸੀ ਕਰਨ ਲਈ ਇਨ੍ਹਾਂ ਰੋਡ ਗੱਲੀ ਚੈਂਬਰਾ ਨੂੰ ਸਮੇਂ ਸਮੇਂ ਸਿਰ ਸਾਫ ਕਰਵਾਉਣਾ ਅਤਿ ਜਰੂਰੀ ਹੁੰਦਾ ਹੈ। ਮਾਨਯੋਗ ਮੇਅਰ ਸਾਹਿਬ ਜੀ ਵਲੋਂ ਇਹ ਹੁਕਮ ਕੀਤੇ ਗਏ ਹਨ ਕਿ ਬਰਸਾਤਾਂ ਤੋਂ ਪਹਿਲਾਂ ਸਾਰੀਆਂ ਰੋਡ ਗੱਲੀਆਂ ਸਾਫ ਕਰਨ ਵਾਸਤੇ ਅਣ-ਸਕਿਲਡ ਲੇਬਰ ਅਗਲੇ ਤਿੰਨ ਮਹੀਨਿਆਂ ਵਾਸਤੇ ਰੱਖੀ ਜਾਵੇ ਤਾਂ ਜੋ ਸ਼ਹਿਰ ਦੇ ਵਸਨੀਕਾਂ ਨੂੰ ਆਉਣ ਵਾਲੀ ਸਮਸਿਆ ਤੋਂ ਛੁਟਕਾਰਾ ਦਵਾਇਆ ਜਾ ਸਕੇ।ਇਸ ਉਪਰੰਤ ਨਗਰ ਨਿਗਮ ਦੇ ਓ.ਐਂਡ.ਐਮ ਸੈਲ ਵਲੋਂ ਨਗਰ ਨਿਗਮ ਦੇ 80 ਵਾਰਡਾਂ ਵਿੱਚ ਪ੍ਰਤੀ ਵਾਰਡ 2 ਅਤੇ ਮੇਨ ਸੜਕਾਂ ਵਾਸਤੇ 20 ਅਣ-ਸਕਿਲਡ ਲੇਬਰ ਬਰਸਾਤਾ ਦੋਰਾਨ ਤਿੰਨ ਮਹੀਨੇ ਲਈ ਆਉਣ ਸੋਰਸ ਰਾਹੀਂ ਰੱਖਣ ਲਈ ਤਖਮੀਨਾ ਰੁਪਏ 74,95,200/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 72 ਮਿਤੀ 01.12.2020 ਰਾਹੀਂ ਪ੍ਰਵਾਨਗੀ ਦਿੱਤੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 31.07.2020 ਰਾਹੀਂ ਮੰਗੇ ਗਏ, ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਪਰੰਤੂ ਸਥਾਨਕ ਸਰਕਾਰ ਵਿਭਾਗ ਵੱਲੋਂ ਜਾਰੀ ਐਸ.ਓ.ਪੀ ਦੀ ਕੰਡੀਸ਼ਨ ਅਨੁਸਾਰ ਇਕ ਟੈਂਡਰ ਪ੍ਰਾਪਤ ਹੋਣ ਤੇ ਇਸ ਟੈਂਡਰ ਨੂੰ ਰੱਦ ਕਰਕੇ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾ ਤੋ ਮਿਤੀ 19.08.2020 ਲਈ ਮੰਗੇ ਗਏ, ਕੁੱਲ 2 ਟੈਂਡਰ ਪ੍ਰਾਪਤ ਹੋਏ, ਜੋ ਕਿ ਤਕਨੀਕੀ ਮਿਆਰ ਪੱਖੋ ਪੂਰੇ ਹੋਣ ਕਾਰਨ ਇਹਨਾ ਕੰਮਾਂ ਦੇ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਮੈਸਰਜ਼ ਰਿਲਾਏਬਲ ਸਰਵਸਿਸ ਜਲੰਧਰ ਨੇ ਵਿਸ਼ੇ ਅਧੀਨ ਕੰਮ ਦੇ ਟੈਂਡਰ ਦੀ ਵਿੱਤੀ ਬਿਡ ਵਿੱਚ ਦੇਣਯੋਗ ਪ੍ਰੋਫਿਟ 2.50% ਦੀ ਰਕਮ ਰੁਪਏ 1,23,660/- ਦੇ ਵਿਰੁੱਧ ਸੇਵਿੰਗ 56% ਦਿੰਦੇ ਹੋਏ ਰੁਪਏ 54,410/- ਵਿੱਚ ਕਰੇਗੀ, ਯਾਨੀਕਿ ਇਹ ਅਜੰਸੀ ਟੈਂਡਰ ਦਾ ਖਰਚਾ ਤਖਮੀਨਾ ਰੁਪਏ 74,95,200/- ਦੇ ਵਿਰੁੱਧ ਰੁਪਏ 74,25,950/- ਬਣਦਾ ਹੈ।

ਐਸ.ਓ.ਪੀ ਦੀ ਦੀਆਂ ਸ਼ਰਤਾਂ ਅਨੁਸਾਰ 50.00 ਲੱਖ ਤੋ ਉਪਰ ਦੇ ਤਖਮੀਨੇ ਟੈਂਡਰ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ ਸਥਾਨਕ ਸਰਕਾਰ ਜੀ ਤੋ ਲੈਣ ਜਰੂਰੀ ਹੁੰਦੀ ਹੈ। ਇਸ ਤਖਮੀਨੇ ਦੀ ਵਿੱਤੀ ਪ੍ਰਵਾਨਗੀ ਵਾਸਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵੱਲੋਂ ਅਪਣੇ ਪੱਤਰ ਨੰ: 545/ਸੀ.ਈ/ਡਬਲਯੂ.ਐਸ/ਜੀ ਮਿਤੀ 04.02.2021 ਰਾਹੀਂ ਚੀਫ ਇੰਜੀਨੀਅਰ ਸਥਾਨਕ ਸਰਕਾਰ ਜੀ ਨੂੰ ਭੇਜੀ ਗਈ। ਇਸ ਤਖਮੀਨੇ ਨੂੰ ਚੀਫ ਇੰਜੀਨੀਅਰ ਸਥਾਨਕ ਸਰਕਾਰ ਜੀ ਵੱਲੋਂ ਅਪਣੇ ਨੰ: ਸੀ.ਈ-2021/6008 ਮਿਤੀ 11.02.2021 ਰਾਹੀਂ ਵੈਟ ਕਰਕੇ ਨਗਰ ਨਿਗਮ ਜਲੰਧਰ ਨੂੰ ਭੇਜ਼ ਦਿੱਤਾ ਗਿਆ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਆਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 7.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.6.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.7.2021

ਮਤਾ ਨੰਬਰ:-416

ਵਿਸ਼ਾ:- ਪ੍ਰੋਵਾਇਡਿੰਗ ਐਂਡ ਲੇਇੰਗ ਆਫ ਨਿਊ ਸੀਵਰ ਲਾਈਨ 8" ਡਾਇਆ ਐਂਡ ਕਨਸਟਰਕਸ਼ਨ ਆਫ ਮੈਨਹੋਲ ਐਟ ਗੁਰਬਚਨ ਨਗਰ ਵਾਰਡ ਨੰਬਰ 1 ਸਬੰਧੀ ਕੰਮ ਦੀ ਸਾਇਟ ਚੇਂਜ ਕਰਕੇ ਨਿਊ ਸ਼ੀਤਲ ਨਗਰ ਫੌਜੀ ਵਾਲੀ ਗੱਲੀ ਵਾਰਡ ਨੰਬਰ 71 ਕਰਨ ਦੀ ਪ੍ਰਵਾਨਗੀ ਬਾਰੇ।

| | | |
|---|---|---|
| ਤਖਮੀਨਾ ਰੁਪਏ | 2,31,700/- | |
| ਟੈਂਡਰ ਅਮਾਉਂਟ ਰੁਪਏ | 2,14,090/- | ਸੇਵਿੰਗ 7.60% |
| ਅਜੰਸੀ ਦਾ ਨਾਮ | M/s Aay Kay Cont. | |

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 2,31,700/- ਦੀ ਐਂਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 12-01-2021 ਰਾਹੀਂ ਦਿੱਤੀ ਗਈ ਸੀ।ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ ਤੋਂ ਮਿਤੀ 22-02-2021 ਲਈ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਲਈ ਠੇਕੇਦਾਰਾਂ ਤੋਂ ਇਸ ਕੰਮ ਦੇ ਟੈਂਡਰ ਮਿਤੀ 05-03-2021 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਉਕਤ ਠੇਕੇਦਾਰ ਦਾ ਪ੍ਰਾਪਤ ਹੋਇਆ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰਾ ਪਾਇਆ ਗਿਆ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈਆ, ਜਿਸ ਅਨੁਸਾਰ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ 7.60% ਦੀ ਸੇਵਿੰਗ ਨਾਲ ਰੁਪਏ 2,31,700/- ਦੇ ਵਿਰੁੱਧ ਰੁਪਏ 2,14,090/- ਵਿੱਚ ਕਰਨਾ ਹੈ। ਟੈਂਡਰ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ਫੈਸਲੇ ਹਿੱਤ ਭੇਜਿਆ ਗਿਆ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 131(3) ਮਿਤੀ 08-04-2021 ਰਾਹੀਂ ਪ੍ਰਵਾਨ ਕੀਤਾ ਗਿਆ।

ਇਸ ਉਪਰੰਤ ਇਸ ਦਫਤਰ ਵਲੋਂ ਪੱਤਰ ਨੰਬਰ CE/ET/OM/69 ਮਿਤੀ 15-04-2021 ਰਾਹੀਂ ਠੇਕੇਦਾਰ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਤੇ ਕੰਮ ਪੂਰਾ ਕਰਨ ਵਾਸਤੇ 1 ਮਹੀਨੇ ਦਾ ਸਮਾਂ ਦਿੱਤਾ ਗਿਆ। ਜ਼ੋਨ ਦੇ ਜੇ.ਈ ਅਤੇ ਐਸ.ਡੀ.ਓ ਵਲੋਂ ਲਿਖਤੀ ਰੂਪ ਵਿੱਚ ਰਿਪੋਰਟ ਕੀਤੀ ਗਈ ਹੈ ਕਿ ਮੌਕੇ ਠੇਕੇਦਾਰ ਵਲੋਂ ਜੱਦ ਕੰਮ ਸ਼ੁਰੂ ਕੀਤਾ ਗਿਆ ਤਾਂ ਗੁਰਬਚਨ ਨਗਰ ਦੇ ਇਲਾਕਾ ਨਿਵਾਸੀਆਂ ਵਲੋਂ ਇਹ ਸੀਵਰ ਲਾਈਨ ਪਾਉਣ ਦਾ ਵਿਰੋਧ ਕੀਤਾ ਗਿਆ ਕਿਉਂ ਕਿ ਉਨ੍ਹਾਂ ਵਲੋਂ ਕਿਹਾ ਗਿਆ ਕਿ ਇਹ ਸੀਵਰ ਪਾਉਣ ਨਾਲ ਇਥੇ ਚੱਲ ਰਹੀਆਂ ਕੁੱਝ ਫੈਕਟਰੀਆਂ ਦਾ ਵੇਸਟ ਸੀਵਰ ਵਿੱਚ ਆਉਣ ਕਾਰਨ ਸਾਨੂੰ ਬਹੁਤ ਮੁਸ਼ਕਿਲ ਆ ਸਕਦੀ ਹੈ। ਇਸ ਉਪਰੰਤ ਸਾਰਾ ਮਾਮਲਾ ਵਾਰਡ ਕੌਂਸਲਰ ਅਤੇ ਹਲਕਾ ਜਲੰਧਰ ਉਤਰੀ ਦੇ ਵਿਧਾਇਕ ਸ਼੍ਰੀ ਅਵਤਾਰ ਸਿੰਘ ਜੂਨੀਅਰ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ ਉਨ੍ਹਾਂ ਵਲੋਂ ਵੀ ਫਿਲਹਾਲ ਇਹ ਸੀਵਰ ਨਾ ਪਾਉਣ ਲਈ ਕਿਹਾ ਗਿਆ।

ਵਾਰਡ ਨੰਬਰ 71 ਦੇ ਕੌਂਸਲਰ ਸ਼੍ਰੀਮਤੀ ਸਤਿੰਦਰਜੀਤ ਕੌਰ ਜੀ ਵਲੋਂ ਆਪਣੇ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਦੇ ਵਾਰਡ ਅਧੀਨ ਪੈਂਦੇ ਇਲਾਕਾ ਸ਼ੀਤਲ ਨਗਰ ਫੋਜੀ ਵਾਲੀ ਗੱਲੀ ਵਿੱਚ ਲੋਕਾਂ ਨੂੰ ਸੀਵਰੇਜ਼ ਸਬੰਧੀ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ, ਇਸ ਲਈ ਇਥੇ ਜਲਦੀ ਤੋਂ ਜਲਦੀ ਨਵੀਂ ਸੀਵਰ ਲਾਈਨ ਪਵਾਈ ਜਾਵੇ ਤਾਂ ਜ਼ੋ ਲੋਕਾਂ ਨੂੰ ਸੀਵਰੇਜ਼ ਸਬੰਧੀ ਸਮਸਿਆ ਤੋਂ ਰਾਹਤ ਦਿੱਤੀ ਜਾ ਸਕੇ ਅਤੇ ਇਹ ਕੰਮ ਮੁੱਹਲਾ ਗੁਰਬਚਨ ਨਗਰ ਵਿਖੇ ਪਾਏ ਜਾਣ ਵਾਲੇ ਸੀਵਰ ਦੇ ਤਖਮੀਨੇ ਵਿਚੋਂ ਕਰਵਾਇਆ ਜਾਵੇ ਜੀ। ਇਸ ਉਪਰੰਤ ਇਹ ਮਾਮਲਾ ਵਿਧਾਇਕ ਜੀ ਦੇ ਨੋਟਿਸ ਵਿੱਚ ਲਿਆਂਦਾ ਗਿਆ, ਜਿਸ ਉਪਰੰਤ ਉਨ੍ਹਾਂ ਵਲੋਂ ਆਪਣੇ ਜੁਬਾਨੀ ਹੁਕਮਾਂ ਰਾਹੀਂ ਕਿਹਾ ਗਿਆ ਗੁਰਬਚਨ ਨਗਰ ਵਾਰਡ ਨੰਬਰ 1 ਦੇ ਸੀਵਰੇਜ਼ ਸਬੰਧੀ ਪਹਿਲਾ ਪਾਸ ਹੋਏ ਤਖਮੀਨੇ ਵਿਚੋਂ ਸਾਇਟ ਚੇਂਜ ਕਰਕੇ ਇਹ ਕੰਮ ਵਾਰਡ ਨੰਬਰ 71 ਦੇ ਇਲਾਕਾ ਨਿਊ ਸ਼ੀਤਲ ਨਗਰ ਫੋਜੀ ਵਾਲੀ ਗੱਲੀ ਵਿੱਚ ਕਰਵਾ ਦਿੱਤਾ ਜਾਵੇ ਤਾਂ ਜ਼ੋ ਇਥੋਂ ਦੇ ਵਸਨੀਕਾਂ ਨੂੰ ਸੀਵਰੇਜ਼ ਦੀ ਸਮਸਿਆ ਤੋਂ ਨਿਜਾਤ ਦਵਾਈ ਜਾ ਸਕੇ। ਇਸ ਸਬੰਧੀ ਵਾਰਡ ਨੰਬਰ 1 ਦੇ ਕੌਂਸਲਰ ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਹੈ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਦਿਕਤ ਨਹੀਂ ਹੈ।

ਇਸ ਉਪਰੰਤ ਨਿਊ ਸ਼ੀਤਲ ਨਗਰ ਫੋਜੀ ਵਾਲੀ ਗੱਲੀ ਵਿੱਚ ਸੀਵਰ ਲਾਈਨ ਪਾਉਣ ਵਾਸਤੇ ਰੀਵਾਇਜਡ ਤਖਮੀਨਾ ਰੁਪਏ 2,19,150/- ਦਾ ਤਿਆਰ ਕੀਤਾ ਗਿਆ ਹੈ। ਇਸ ਲਈ ਲੋਕ ਹਿੱਤ ਅਤੇ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਨੂੰ ਮੁੱਖ ਰੱਖਦੇ ਹੋਏ **ਗੁਰਬਚਨ ਨਗਰ ਵਾਰਡ ਨੰਬਰ 1 ਵਿੱਚ ਸੀਵਰ ਪਾਉਣ ਦੇ ਕੰਮ ਦੀ ਸਾਇਟ ਚੇਂਜ ਕਰਕੇ ਨਿਊ ਸ਼ੀਤਲ ਨਗਰ ਫੋਜੀ ਵਾਲੀ ਗੱਲੀ ਵਾਰਡ ਨੰਬਰ 1** ਵਿੱਚ ਕੰਮ ਕਰਨ ਵਾਸਤੇ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ, ਇਸ ਲਈ ਕੇਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਦੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ। ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਤਜ਼ਵੀਜ਼ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.6.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.6.2021 ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.7.2021